**ਦਫਤਰ ਚੇਅਰਮੈਨ, ਭਰਤੀ ਬੋਰਡ-ਕਮ- ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ ਵਿਭਾਗ, ਪੰਜਾਬ**

**ਪੀ.ਐਸ.ਈ.ਬੀ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ,ਫੇਜ-8, ਅਜੀਤਗੜ੍ਹ (ਮੁਹਾਲੀ)**

**ਪਬਲਿਕ ਨੋਟਿਸ**

ਸਿੱਖਿਆ ਵਿਭਾਗ ਵਲੋ ਵੱਖ ਵੱਖ ਵਿਸ਼ਿਆਂ ਵਿੱਚ 5178 ਅਧਿਆਪਕਾਂ ਦੀ ਭਰਤੀ ਕਰਨ ਲਈ ਉੱਘੇ ਅਖਬਾਰਾ ਵਿੱਚ ਦਿੱਤੇ ਇਸ਼ਤਿਹਾਰ ਮਿਤੀ 09-09-2012 ਪੰਜਾਬੀ ਅਜੀਤ ਅਤੇ 10-09-2012 ਅੰਗਰੇਜੀ ਟ੍ਰਿਬਿਊਨ ਰਾਹੀਂ ਅਰਜੀਆਂ ਮੰਗੀਆਂ ਗਈਆਂ ਸਨ। ਜਿਸ ਲਈ ਅਪਲਾਈ ਕਰਨ ਦੀ ਆਖਰੀ ਮਿਤੀ 8-10-12 ਸੀ। ਇਹਨਾਂ ਅਸਾਮੀਆਂ ਵਿਰੁੱਧ ਪ੍ਰਾਪਤ ਹੋਈਆਂ ਅਰਜੀਆਂ ਨੂੰ ਪ੍ਰੋਸੈਸ ਕਰਨ ਉਪਰੰਤ ਸਿਰਫ, ਪੰਜਾਬ ਰਾਜ ਟੀਚਰ ਯੋਗਤਾ ਟੈਸਟ (ਪੀ.ਐਸ.ਟੀ.ਈ.ਟੀ-2) ਪਾਸ ਉਮੀਦਵਾਰਾ ਵਲੋ ਅਰਜੀ ਫਾਰਮਾ ਤੇ ਦਿੱਤਾ ਗਿਆ ਡਾਟਾ ssapunjab.org ਦੀ ਵੈਬ ਸਾਈਟ ਤੇ ਮਿਤੀ 11.09.2013 ਨੂੰ ਸੰਬਧਤ ਉਮੀਦਵਾਰ ਵੇਖ ਸਕਦੇ ਹਨ। ਇਸ ਇਸ਼ਤਿਹਾਰਾਂ ਵਿਰੁੱਧ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਜਿਨ੍ਹਾਂ ਉਮੀਦਵਾਰਾਂ ਦੇ ਪੀ.ਐਸ.ਟੀ.ਈ.ਟੀ.-2 ਅਤੇ ਵਿਦਿਅਕ /ਪ੍ਰੋਫੈਸਨਲ ਯੋਗਤਾ ਪਾਸ ਹਨ ਅਤੇ ਅਪਲਾਈ ਕੀਤਾ ਹੈ। ਕੇਵਲ ਉਹ ਉਮੀਦਵਾਰ ਵਿਸੇਵਾਰ ਹੇਠ ਦਰਸਾਈਆ ਮਿਤੀਆ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, 3 ਬੀ-1, ਅਜੀਤਗੜ੍ਹ (ਮੁਹਾਲੀ) ਵਿਖੇ ਸਵੇਰੇ 10.30 ਵਜੇ ਤੋ ਸਾਮ 5.00 ਵਜੇ ਤੱਕ ਸੱਦਾ ਦਿੱਤਾ ਜਾਂਦਾ ਹੈ। ਬਿਨੈਕਾਰ ਅਸਲ ਸਰਟੀਫਿਕੇਟ, ਸਰਟੀਫਿਕੇਟ ਦੀਆ ਖੁਦ ਤਸਦੀਕੀ ਫੋਟੋਕਾਪੀਆ ਦਾ ਇਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆ 2 ਫੋਟੋਆਂ, ਜਮ੍ਹਾਂ ਕਰਵਾਈ ਫੀਸ ਦਾ ਸਬੂਤ ਅਤੇ ਪੀ.ਐਸ.ਟੀ.ਈ.ਟੀ-2 ਪਾਸ ਕਰਨ ਦਾ ਸਬੂਤ, ਕੰਪਿਊਟਰ ਵਿੱਚ ਡਾਊਨ ਲੋਡ ਕੀਤਾ ਰਜਿਸਟ੍ਰੇਸਨ ਨੰਬਰ ਦਾ ਸਬੂਤ ਫਾਈਲ ਕਵਰ ਵਿੱਚ ਨਾਲ ਲੈ ਕੇ ਕਾਊਸਲਿੰਗ ਲਈ ਨਿੱਜੀ ਤੌਰ ਤੇ ਹਾਜ਼ਰ ਹੋਣਗੇ।

| ਲੜੀ ਨੰ | ਵਿਸਾ | ਕਾਉਸਲਿੰਗ ਦੀ ਮਿਤੀ ਅਤੇ ਜਿੰਨੇ ਉਮੀਦਵਾਰਾ ਨੇ ਕਾਉਸਲਿੰਗ ਦੇ ਹਾਜਰ ਹੋਣਾ ਹੈ। |
|---|---|---|
| 1 | ਸਮਾਜਿਕ ਸਿੱਖਿਆ | 23-9-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 1 ਤੋ 850 ਤੱਕ |
| 2 | ਸਮਾਜਿਕ ਸਿੱਖਿਆ | 24-9-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 851 ਤੋ 1700 ਤੱਕ |
| 3 | ਸਮਾਜਿਕ ਸਿੱਖਿਆ | 25-9-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 1701 ਤੋ 2500 ਤੱਕ |
| 4 | ਸਮਾਜਿਕ ਸਿੱਖਿਆ | 26-9-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 2501 ਤੋ 3400 ਤੱਕ |
| 5 | ਸਮਾਜਿਕ ਸਿੱਖਿਆ | 27-9-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 3401 ਤੋ 4250 ਤੱਕ |
| 6 | ਸਮਾਜਿਕ ਸਿੱਖਿਆ | 30-9-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 4251 ਤੋ 5116 ਤੱਕ |
| 7 | ਪੰਜਾਬੀ | 1-10-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 1 ਤੋ 700 ਤੱਕ |
| 8 | ਪੰਜਾਬੀ | 3-10-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 701 ਤੋ 1400 ਤੱਕ |
| 9 | ਪੰਜਾਬੀ | 4-10-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 1401 ਤੋ 2100 ਤੱਕ |
| 10 | ਪੰਜਾਬੀ | 7-10-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 2101 ਤੋ 2807 ਤੱਕ |
| 11 | ਐਗਰੀਕਲਚਰਲ, ਸੰਸਕ੍ਰਿਤ | 8-10-2013 ਵੈਬ ਸਾਈਟ ਤੇ ਦਰਸਾਏ ਗਏ ਐਗਰੀਕਲਚਰਲ, ਸੰਸਕ੍ਰਿਤ ਦੇ ਸਾਰੇ ਉਮੀਦਵਾਰ |
| 12 | ਅੰਗਰੇਜੀ | 10-10-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 1 ਤੋ 740 ਤੱਕ |
| 13 | ਅੰਗਰੇਜੀ | 11-10-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 741 ਤੋ 1480 ਤੱਕ |
| 14 | ਮੈਥ | 14-10-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 1 ਤੋ 480 ਤੱਕ |
| 15 | ਸਾਇੰਸ | 15-10-2013 ਵੈਬ ਸਾਈਟ ਤੇ ਦਰਸਾਏ ਗਏ ਲੜੀ ਨੰ: 1 ਤੋ 390 ਤੱਕ |
| 16 | ਉਪਰੋਕਤ ਸਾਰੇ ਵਿਸੇ | 17-10-2013 - ਸਿਵਲ ਰਿੱਟ ਪਟੀਸਨ ਨੰ:19842 ਆਫ 2012 ਵਿਚ |

| | | |
|---|---|---|
| | | ਮਾਨਯੋਗ ਹਾਈ ਕੋਰਟ ਵਲੋ ਆਲਾਓ ਕੀਤੇ ਆਦੇਸਾ ਅਨੁਸਾਰ ਪਟੀਸਨਰਾਂ ਦੀ ਕਾਉਸਲਿੰਗ ਕੀਤੀ ਜਾਵੇਗੀ ਅਤੇ ਉਕਤ ਮਿਤੀਆ ਨੂੰ ਜੋ ਉਮੀਦਵਾਰ ਕਿਸੇ ਕਾਰਨਾ ਕਾਰਨ ਗੈਰ ਹਾਜਰ ਰਹਿ ਜਾਦੇ ਹਨ ਤਾਂ ਉਨਾਂ ਨੂੰ ਆਖਰੀ ਮੌਕਾ ਦਿੱਤਾ ਜਾਵੇਗਾ। |

1. ਉਪਰੋਕਤ ਅਸਾਮੀਆਂ ਦੇ ਇਸਤਿਹਾਰ ਵਿਰੁੱਧ ਅਪਲਾਈ ਕੀਤਾ ਹੋਇਆ ਹੈ ਅਤੇ ਜੇਕਰ ਉਪਰੋਕਤ ਦਰਸਾਈਆਂ ਸੂਚੀਆਂ ਵਿੱਚ ਉਨ੍ਹਾਂ ਦੇ ਨਾਮ ਸਾਮਿਲ ਨਹੀਂ ਹੈ। ਉਹ ਆਪਣੇ ਸਾਰੇ ਅਸਲ ਦਸਤਾਵੇਜ ਅਤੇ ਜਮ੍ਹਾਂ ਕਰਵਾਈ ਫੀਸ ਦਾ ਸਬੂਤ ਲੈ ਕੇ ਵਿਸੇ ਦੀ ਆਖਰੀ ਮਿਤੀ ਕਾਉਸਲਿੰਗ ਵਿੱਚ ਆ ਸਕਦੇ ਹਨ।
2. ਉਮੀਦਵਾਰਾਂ ਦੀ ਇਹ ਪਹਿਲੀ ਅਤੇ ਅੰਤਿਮ ਕਾਉਸਲਿੰਗ ਹੋਵੇਗੀ। ਇਸ ਤੋ ਬਾਅਦ ਕਿਸੇ ਵੀ ਉਮੀਦਵਾਰ ਨੂੰ ਕੋਈ ਮੌਕਾ ਨਹੀ ਦਿੱਤਾ ਜਾਵੇਗਾ।
3. ਕਿਸੇ ਵੀ ਉਮੀਂਦਵਾਰ ਵੱਲੋਂ ਕਾਉਂਸਲਿੰਗ ਵਿੱਚ ਹਾਜ਼ਰ ਹੋਣ ਦਾ ਭਾਵ ਇਹ ਨਹੀਂ ਕਿ ਉਸਦਾ ਨਿਯੁਕਤੀ ਲਈ ਹੱਕ ਪੈਦਾ ਹੋ ਗਿਆ ਹੈ।
4. ਕਾਉਸਲਿੰਗ ਵੇਲੇ ਸਾਰੇ ਅਸਲ ਦਸਤਾਵੇਜ/ਸਰਟੀਫਿਕੇਟ ਚੈਕ ਕੀਤੇ ਜਾਣਗੇ ਅਤੇ ਲਏ ਜਾਣਗੇ। ਇਸ ਤੋਂ ਬਾਅਦ ਕੋਈ ਵੀ ਸਰਟੀਫਿਕੇਟ/ਦਸਤਾਵੇਜ ਕਿਸੇ ਵੀ ਸੂਰਤ ਵਿੱਚ ਨਹੀ ਲਿਆ ਜਾਵੇਗਾ।
5. ਕਾਉਸਲਿੰਗ ਲਈ ਗਠਿਤ ਸਬ ਕਮੇਟੀਆ ਵਲੋ ਜਿਨ੍ਹਾਂ ਉਮੀਦਵਾਰਾਂ ਦੇ ਕੋਈ ਦਸਤਾਵੇਜ ਅਧੂਰੇ ਪਾਏ ਜਾਂਦੇ ਹਨ ਤਾਂ ਉਹਨਾਂ ਦੀ ਪਾਤਰਤਾ ਉਸੇ ਸਮੇਂ ਰੱਦ ਕਰ ਦਿੱਤੀ ਜਾਵੇਗੀ।
6. ਜੇ ਕਿਸੇ ਉਮੀਦਵਾਰ ਦੀ ਇਕ ਤੋ ਵੱਧ ਵਿਸਿਆ ਵਿੱਚ ਚੋਣ ਹੁੰਦੀ ਹੈ ਅਤੇ ਇਕ ਤੋ ਵੱਧ ਮੈਰਿਟ ਵਿੱਚ ਆਉਦਾ/ਆਉਂਦੀ ਹੈ ਤਾਂ ਉਸ ਉਮੀਦਵਾਰ ਨੂੰ 15 ਦਿਨਾਂ ਦੇ ਵਿੱਚ ਵਿੱਚ ਕਿਸੇ ਇਕ ਵਿਸੇ ਵਿੱਚ ਆਪਸਨ ਦੇਣਦਾ ਮੌਕਾ ਦਿੱਤਾ ਜਾਵੇਗਾ ਅਤੇ ਖਾਲੀ ਰਹਿ ਗਈਆਂ ਅਸਾਮੀਆਂ ਤੇ ਮੈਰਿਟ ਅਨੁਸਾਰ ਅਗੇ ਚੋਣ ਕਰ ਲਈ ਜਾਵੇਗੀ।
7. ssapunjab.org ਦੀ ਵੈਬ ਸਾਈਟ ਤੇ ਸਕਰੂਟਨੀ ਫਾਰਮ, ਸਵੈ-ਘੋਸ਼ਣਾ ਪੱਤਰ ਅਤੇ ਕਰਾਈਟੇਰੀਆ ਪਾ ਦਿੱਤਾ ਗਿਆ ਹੈ ਸਕਰੂਟਨੀ ਫਾਰਮ ਅਤੇ ਸਵੈ ਘੋਸਣਾ ਪੱਤਰ ਕਾਉਸਲਿੰ ਗ ਵਾਲੇ ਦਿਨ ਉਮੀਦਵਾਰ ਪਹਿਲਾਂ ਹੀ ਭਰ ਕੇ ਲਿਆਉਣ।
8. ਸਪਸਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਉਮੀਦਵਾਰ ਦਾ ਕੋਈ ਵੀ ਦਸਤਾਵੇਜ/ਸਰਟੀਫਿਕੇਟ ਗਲਤ ਜਾਂ ਜਾਅਲੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐਫ.ਆਈ.ਆਰ ਦਰਜ ਕਰਵਾਈ ਜਾਵੇਗੀ।
9. ਸਿਵਲ ਰਿਟ ਪਟੀਸਨ ਨੰ 19842 ਆਫ 2012 ਵਿੱਚ ਮਾਨਯੋਗ ਹਾਈ ਕੋਰਟ ਵਲੋ ਦਿੱਤੇ ਅੰਤਿਮ ਫੈਸਲੇ ਦੀ ਪਾਲਣਾ ਵਿੱਚ ਜਿਹੜੇ ਉਮੀਦਵਾਰ ਨੂੰ ਮਾਨਯੋਗ ਹਾਈ ਕੋਰਟ ਵਲੋ ਕਾਉਸਲਿੰਗ ਵਿੱਚ ਭਾਗ ਲੈਣ ਲਈ ਹੁਕਮ ਦਿੱਤੇ ਹਨ, ਉਹ ਆਪਣੇ ਬੇਨਤੀ ਪੱਤਰ ਮਿਤੀ 18-9-2013 ਤੱਕ ਦਫਤਰ ਚੇਅਰਮੈਨ, ਭਰਤੀ ਬੋਰਡ ਸਕੂਲ ਸਿੱਖਿਆ ਵਿਭਾਗ, ਪੰਜਾਬ, ਪੀ.ਐਸ.ਈ.ਬੀ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ,ਫੇਜ-8, ਅਜੀਤਗੜ੍ਹ (ਮੁਹਾਲੀ) ਵਿੱਖੇ ਜਮ੍ਹਾਂ ਕਰਵਾ ਸਕਦੇ ਹਨ। ਇਨਾਂ ਉਮੀਦਵਾਰਾਂ ਬਾਰੇ ਆਖਰੀ ਨਿਰਣਾ ਮਾਨਯੋਗ ਹਾਈ ਕੋਰਟ ਵਲੋ ਸਿਵਲ ਰਿਟ ਪਟੀਸਨ ਨੰ 19842 ਆਫ 2012 ਵਿੱਚ ਹੋਏ ਆਖਰੀ ਫੈਸਲੇ ਬਾਅਦ ਹੀ ਲਿਆ ਜਾਵੇਗਾ।
10. ਜਿਹਨਾਂ ਵਿਸਿਆ ਤੇ ਪੀ.ਐਸ.ਟੀ.ਈ.ਟੀ.-2 ਟੈਸਟ ਲਾਗੂ ਨਹੀ ਹੁੰਦਾ, ਉਨਾਂ ਵਿਸਿਆ ਬਾਰੇ ਛੇਤੀ ਹੀ ਦੱਸਿਆ ਜਾਵੇਗਾ।

11/9/13.

ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਬੋਰਡ